BC Centre for Disease Control
Provincial Health Services Authority

Provincial Tuberculosis Services

Main Switchboard 604 707 2692
TB Services Fax 604 707 2690

www.bccdc.ca

# ਲੀਵੋਫ਼ਲੈਕਸੈਸਿਨ
# LEVOFLOXACIN

ਲੀਵੋਫ਼ਲੈਕਸੈਸਿਨ (Levofloxacin) ਇੱਕ ਐਂਟੀਬਾਇਓਟਿਕ (ਰੋਗਾਣੂਨਾਸ਼ਕ ਦਵਾਈ) ਹੈ ਜਿਸ ਦੀ ਰੋਗਾਣੂਆਂ ਤੋਂ ਹੋਈਆਂ ਇਨਫ਼ੈਕਸ਼ਨਾਂ ਦੇ ਇਲਾਜ ਲਈ ਕੀਤੀ ਜਾਂਦੀ ਹੈ।

**ਮੈਨੂੰ ਇਹ ਦਵਾਈ ਕਦੋਂ ਲੈਣੀ ਚਾਹੀਦੀ ਹੈ? (When should I take this?)**
- ਇਸ ਦਵਾਈ ਨੂੰ ਖਾਣੇ ਦੇ ਨਾਲ ਜਾਂ ਖਾਣੇ ਤੋਂ ਬਗ਼ੈਰ ਲਿਆ ਜਾ ਸਕਦਾ ਹੈ।
- ਇਸ ਨੂੰ ਹਰ ਰੋਜ਼ ਇੱਕੋ ਸਮੇਂ 'ਤੇ 8 ਔਂਸ (240 ਮਿ.ਲਿ.) ਪਾਣੀ ਦੇ ਗਲਾਸ ਨਾਲ ਲਓ। ਅਜਿਹਾ ਕਰਨ ਨਾਲ ਤੁਹਾਨੂੰ ਦਵਾਈ ਲੈਣੀ ਯਾਦ ਰਹੇਗੀ।
- ਸਾਰੇ ਦਿਨ ਵਿੱਚ ਤਰਲ ਪਦਾਰਥਾਂ ਦੇ ਕਈ ਗਲਾਸ ਪੀਓ।

**ਮੈਨੂੰ ਇਹ ਦਵਾਈ ਕਿਵੇਂ ਲੈਣੀ ਚਾਹੀਦੀ ਹੈ? (How should I take this?)**
- ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਲੀਵੋਫ਼ਲੈਕਸੈਸਿਨ ਨੂੰ ਆਪਣੇ ਡਾਕਟਰ ਦੇ ਨਿਰਦੇਸ਼ ਅਨੁਸਾਰ ਹੀ ਲਓ।

**ਜੇ ਮੈਂ ਦਵਾਈ ਦੀ ਖ਼ੁਰਾਕ ਲੈਣੀ ਭੁੱਲ ਜਾਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ? (What should I do if I miss a dose?)**
- ਜੇ ਤੁਸੀਂ ਦਵਾਈ ਦੀ ਕੋਈ ਖ਼ੁਰਾਕ ਲੈਣੀ ਭੁੱਲ ਜਾਂਦੇ ਹੋ ਤਾਂ ਯਾਦ ਆਉਣ 'ਤੇ ਤੁਰੰਤ ਉਹ ਖ਼ੁਰਾਕ ਲੈ ਲਓ। ਪਰ ਜੇ ਅਗਲੇ ਦਿਨ ਦੀ ਖ਼ੁਰਾਕ ਦਾ ਸਮਾਂ ਹੋਣ ਵਾਲਾ ਹੈ ਤਾਂ ਭੁੱਲੀ ਹੋਈ ਖ਼ੁਰਾਕ ਨੂੰ ਨਾ ਲਓ।
- **ਦੁੱਗਣੀ ਖ਼ੁਰਾਕ ਨਾ ਲਓ।**

**ਇਹ ਦਵਾਈ ਲੈਂਦੇ ਹੋਏ ਕੀ ਮੈਨੂੰ ਕੋਈ ਪਰਹੇਜ਼ ਕਰਨਾ ਚਾਹੀਦਾ ਹੈ? (Is there anything I should avoid when taking this?)**

- ਲੀਵੋਫ਼ਲੈਕਸੈਸਿਨ ਨੂੰ ਹੇਠ ਲਿਖੀਆਂ ਚੀਜ਼ਾਂ ਲੈਣ ਤੋਂ ਘੱਟੋ-ਘੱਟ **2 ਘੰਟੇ ਪਹਿਲਾਂ ਜਾਂ 2 ਘੰਟੇ ਬਾਅਦ** ਲੈਣਾ ਚਾਹੀਦਾ ਹੈ:
  - o ਉਹ ਐਂਟਾਸਿਡ (ਖਟਾਈ ਮਾਰ ਦਵਾਈਆਂ) ਜਿਨ੍ਹਾਂ ਵਿੱਚ ਐਲੂਮੀਨੀਅਮ, ਕੈਲਸ਼ੀਅਮ ਅਤੇ/ਜਾਂ ਮੈਗਨੀਸੀਅਮ [ਜਿਵੇਂ ਕਿ, ਮਾਲੌਕਸ, ਮਾਇਲੈਂਟਾ, ਰੋਲੇਡਜ਼ (Maalox®, Mylanta®, Rolaids®) ਹੋਵੇ।
  - o ਸੂਕਰੈਲਫ਼ੇਟ (ਅਲਸਰ ਦੀ ਦਵਾਈ)
  - o ਕੈਲਸ਼ੀਅਮ, ਆਇਰਨ ਜਾਂ ਜ਼ਿੰਕ ਵਾਲੇ ਸੰਪੂਰਕ।

**ਲੀਵੋਫ਼ਲੈਕਸੈਸਿਨ** ਲੈਣ ਤੋਂ ਪਹਿਲਾਂ ਜੇਕਰ ਤੁਸੀਂ ਕਾਊਂਟਰ ਤੋਂ ਮਿਲਣ ਵਾਲੇ ਪ੍ਰੌਡੱਕਟਾਂ (ਜਿਨ੍ਹਾਂ ਲਈ ਡਾਕਟਰੀ ਨਿਰਦੇਸ਼ ਦੀ ਲੋੜ ਨਹੀਂ ਹੁੰਦੀ) ਸਮੇਤ ਕੋਈ ਹੋਰ ਦਵਾਈਆਂ ਲੈ ਰਹੇ ਹੋ ਤਾਂ ਆਪਣੇ ਡਾਕਟਰ, ਨਰਸ ਜਾਂ ਫ਼ਾਰਮਾਸਿਸਟ (ਦਵਾਸਾਜ਼) ਨੂੰ ਸਭ ਬਾਰੇ ਦੱਸੋ। ਆਪਣੇ ਡਾਕਟਰ ਜਾਂ ਫ਼ਾਰਮਾਸਿਸਟ ਨਾਲ ਵਿਚਾਰ ਕਰਨ ਤੋਂ ਬਿਨਾਂ ਕੋਈ ਨਵੀਂ ਦਵਾਈ ਲੈਣੀ ਸ਼ੁਰੂ ਨਾ ਕਰੋ।

**ਕੁਝ ਸੰਭਾਵੀ ਮਾੜੇ ਪ੍ਰਭਾਵ ਕੀ ਹਨ? (What are some possible side effects?)**
- ਜੀਅ ਕੱਚਾ ਹੋਣਾ, ਦਸਤ
- ਸਿਰ ਦਰਦ
- ਸੁਸਤੀ ਜਾਂ ਸਿਰ ਚਕਰਾਉਣਾ
- ਨੀਂਦ ਨਾ ਆਉਣੀ



Provincial Health Services Authority
Province-wide solutions.
Better health.

ACCREDITED · ABRÉGÉ · CCHSA · CCASS

*A research and teaching centre affiliated with UBC*

Punjabi

# ਲੀਵੋਫ਼ਲੈਕਸੈਸਿਨ (ਚਲਦਾ)
# LEVOFLOXACIN (cont'd)

**ਸਾਵਧਾਨ (Caution): ਜੇ ਤੁਹਾਨੂੰ ਹੇਠ ਲਿਖੇ ਲੱਛਣਾਂ ਦਾ ਅਨੁਭਵ ਹੋਵੇ ਤਾਂ ਤੁਰੰਤ ਆਪਣੇ ਡਾਕਟਰ ਜਾਂ ਨਰਸ ਨੂੰ ਫ਼ੋਨ ਕਰੋ:**

- ਧੱਫੜ, ਛਪਾਕੀ ਜਾਂ ਸਾਹ ਲੈਣ ਵਿੱਚ ਤਕਲੀਫ਼
- ਦਿਲ ਦੀ ਧੜਕਣ ਵਿੱਚ ਬੇਕਾਇਦਗੀ ਜਾਂ ਛਾਤੀ ਵਿੱਚ ਪੀੜ ਹੋਣੀ
- ਮਾਸ ਪੇਸ਼ੀਆਂ, ਪੱਠਿਆਂ ਜਾਂ ਜੋੜਾਂ ਵਿੱਚ ਪੀੜ
- ਹੱਥਾਂ ਜਾਂ ਪੈਰਾਂ ਵਿੱਚ ਦਰਦ, ਜਲ਼ਨ, ਝੁਣਝੁਣੀ, ਕਮਜ਼ੋਰੀ
- ਚਮੜੀ ਜਾਂ ਅੱਖਾਂ ਦੇ ਚਿੱਟੇ ਹਿੱਸੇ ਦਾ ਪੀਲਾਪਨ
- ਨਿਗਾਹ ਵਿੱਚ ਤਬਦੀਲੀ ਜਾਂ ਗੜਬੜੀ
- ਤੀਬਰ ਜਾਂ ਦਸਤ ਲੱਗਣੇ ਜਾਂ ਦਸਤ ਵਿੱਚ ਖ਼ੂਨ ਆਉਣਾ
- ਜਾਰੀ ਰਹਿਣ ਵਾਲੇ ਕੋਈ ਵੀ ਹੋਰ ਮਾੜੇ ਪ੍ਰਭਾਵ

**ਉੱਪਰ ਲਿਖਿਆਂ ਤੋਂ ਇਲਾਵਾ ਜੇ ਤੁਹਾਨੂੰ ਕੋਈ ਹੋਰ ਅਸਾਧਾਰਣ ਲੱਛਣ ਮਹਿਸੂਸ ਹੋਣ ਤਾਂ ਆਪਣੇ ਡਾਕਟਰ ਨੂੰ ਦੱਸੋ।**

ਲੀਵੋਫ਼ਲੈਕਸੈਸਿਨ ਲੈਂਦੇ ਹੋਏ ਤੁਹਾਨੂੰ ਸੁਸਤੀ ਚੜ੍ਹ ਸਕਦੀ ਹੈ ਜਾਂ ਚੱਕਰ ਆ ਸਕਦੇ ਹਨ। ਗੱਡੀ ਚਲਾਉਂਦੇ ਹੋਏ, ਮਸ਼ੀਨ ਉੱਪਰ ਕੰਮ ਕਰਨ ਸਮੇਂ ਜਾਂ ਕੋਈ ਖ਼ਤਰਨਾਕ ਕਾਰਜ ਕਰਨ ਸਮੇਂ ਸਾਵਧਾਨ ਰਹੋ।

ਲੀਵੋਫ਼ਲੈਕਸੈਸਿਨ ਕਾਰਣ ਚਮੜੀ ਉੱਪਰ ਆਸਾਨੀ ਨਾਲ ਸੰਨਬਰਨ (ਧੁੱਪ ਕਾਰਣ ਸਾੜ ਪੈਣੇ) ਹੋ ਸਕਦਾ ਹੈ। ਧੁੱਪ ਵਿੱਚ ਬਹੁਤ ਜ਼ਿਆਦਾ ਬਾਹਰ ਜਾਣ ਜਾਂ ਨਕਲੀ ਯੂ.ਵੀ. ਰੋਸ਼ਨੀ (ਜਿਵੇਂ ਕਿ ਸੰਨਲੈਂਪ ਜਾਂ ਟੈਨਿੰਗ ਬੈੱਡਜ਼) ਤੋਂ ਪਰਹੇਜ਼ ਕਰੋ। ਸੰਨਸਕ੍ਰੀਨ ਲਗਾਓ ਜਾਂ ਧੁੱਪ ਤੋਂ ਬਚਾਅ ਕਰਨ ਵਾਲੇ ਕੱਪੜੇ ਪਹਿਨੋ।

ਜੇਕਰ ਤੁਹਾਨੂੰ ਡਾਇਬੀਟੀਜ਼ ਹੈ ਤਾਂ ਇਹ ਦਵਾਈ ਲੈਂਦੇ ਹੋਏ ਆਪਣੇ ਖ਼ੂਨ ਵਿੱਚ ਗਲੂਕੋਸ ਦੇ ਪੱਧਰ ਦੀ ਬਾਕਾਇਦਾ ਜਾਂਚ ਕਰਵਾਓ।

ਜੇਕਰ ਤੁਸੀਂ ਗਰਭਵਤੀ ਹੋ, ਗਰਭ ਧਾਰਨ ਕਰਨ ਦੀ ਯੋਜਨਾ ਬਣਾ ਰਹੇ ਹੋ ਜਾਂ ਆਪਣੇ ਬੱਚੇ ਨੂੰ ਆਪਣਾ ਦੁੱਧ ਚੁੰਘਾਉਣ ਦੀ ਇੱਛਾ ਰੱਖਦੇ ਹੋ ਤਾਂ ਇਸ ਬਾਰੇ ਆਪਣੇ ਡਾਕਟਰ ਜਾਂ ਨਰਸ ਨੂੰ ਦੱਸੋ।

**ਮੈਨੂੰ ਇਹ ਦਵਾਈ ਕਿੱਥੇ ਰੱਖਣੀ ਚਾਹੀਦੀ ਹੈ? (Where should I store this medication?)**

- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ
- ਗੋਲ਼ੀਆਂ: ਕਮਰੇ ਦੇ ਤਾਪਮਾਨ 'ਤੇ ਰੱਖੋ (15°C ਤੋਂ 30°C)। ਰੋਸ਼ਨੀ ਤੋਂ ਬਚਾਓ। ਠੰਡੇ, ਖ਼ੁਸ਼ਕ ਵਾਤਾਵਰਨ ਵਿੱਚ ਰੱਖੋ।

**ਜੇ ਮੇਰੇ ਕੋਈ ਹੋਰ ਸਵਾਲ ਹੋਣ ਤਾਂ ਮੈਂ ਕਿੱਥੇ ਫ਼ੋਨ ਕਰਾਂ? (Where do I call if I have any other questions?)**

ਆਪਣੇ ਡਾਕਟਰ ਨੂੰ, ਕਲੀਨਿਕ ਵਿਖੇ ਜਾਂ ਪਬਲਿਕ ਹੈਲਥ ਯੂਨਿਟ ਵਿਖੇ: ____________________________

| | |
|---|---|
| ਵੈਨਕੂਵਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2692 |
| ਨਿਊ ਵੈਸਟਮਿਨਸਟਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2698 |
| ਬੀ.ਸੀ.ਸੀ.ਡੀ.ਸੀ. ਵੈਕਸੀਨ ਅਤੇ ਫ਼ਾਰਮੇਸੀ ਸੇਵਾਵਾਂ: | 604-707-2580 |



Provincial Health Services Authority
Province-wide solutions. Better health.
ACCREDITED • ABRÉGÉ • CCHSA • CCASS
*A research and teaching centre affiliated with UBC*